# ਦਹਿਸ਼ਤਗਰਦੀ ਅਤੇ ਲਿਬਰਲ ਡੈਮੋਕਰੇਸੀ

ਇਤਹਾਸ ਦਸਦਾ ਹੈ ਕਿ ਸਰਕਾਰਾਂ ਅਤੇ ਹਾਕਮ ਤਬਕੇ ਦੁਨੀਆ ਭਰ ਵਿਚ ਲੋਕਾਂ ਦੇ ਖ਼ਿਲਾਫ ਜ਼ਾਤੀ ਦਹਿਸ਼ਤਗਰਦੀ, ਕੰਪਨੀਆਂ ਦੀ ਦਹਿਸ਼ਤਗਰਦੀ ਅਤੇ ਸਰਕਾਰੀ ਦਹਿਸ਼ਤਗਰਦੀ ਪਿਛਲੀਆਂ ਦੋ ਸਦੀਆਂ ਤੋਂ ਵਰਤ ਰਹੇ ਹਨ। ਹਿੰਦੁਸਤਾਨ ਵਿਚ ਈਸਟ ਇੰਡੀਆ ਕੰਪਨੀ ਨੇ ਜ਼ਾਤੀ ਅਤੇ ਕੰਪਨੀ ਦੀ ਦਹਿਸ਼ਤਗਰਦੀ ਦੀ ਵਰਤੋਂ ਵੱਡੇ ਪੱਧਰ ਤੇ ਕੀਤੀ ਸੀ। ਈਸਟ ਇੰਡੀਆ ਕੰਪਨੀ ਨੇ ਗੁੰਡਿਆਂ ਦੇ ਗ੍ਰੋਹ ਪਾਲੇ ਹੋਏ ਸਨ ਜੋ ਕਤਲੋਗਾਰਤ ਕਰਦੇ ਤੇ ਲੋਕਾਂ ਵਿਚ ਦਹਿਸ਼ਤ ਫੈਲਾਉਂਦੇ ਸੀ। ਲੁੱਟਾਂ ਖੋਹਾਂ ਕਰਨਾ, ਆਮ ਲੋਕਾਂ ਵਿਚ ਸਹਿਮ ਪੈਦਾ ਕਰਨਾਂ ਇਨ੍ਹਾਂ  ਗਰੋਹਾਂ ਦਾ ਕੰਮ ਹੁੰਦਾ ਸੀ। ਕੰਪਨੀ ਦਾ ਮਾਲ ਜੇ ਕੋਈ ਖ਼ਰੀਦਦਾ ਨਹੀਂ ਸੀ ਜਾਂ ਵੇਚਦਾ ਨਹੀਂ ਸੀ ਤਾਂ ਵੀ ਕੰਪਨੀ ਆਪਣੇ ਮੁਫ਼ਾਦ ਲਈ ਕਾਤਲਾਂ ਦੇ ਗਰੋਹਾਂ ਨੂੰ ਵਰਤਦੀ ਸੀ। ਢਾਕੇ ਦੇ ਮਲਮਲ ਬੁਣਨ ਵਾਲੇ ਕਾਰੀਗਰਾਂ ਦਾ ਕਿੱਸਾ ਬਹੁਤ ਹੀ ਬਦਨਾਮ ਹੈ। ਜਦੋਂ ਕੰਪਨੀ ਦਾ ਲਿਆਂਦਾ ਕਪੜਾ ਬਾਜ਼ਾਰ ਵਿਚ ਢਾਕੇ ਦੀ ਮਲਮਲ ਦਾ ਮੁਕਾਬਲਾ ਨਾ ਕਰ ਸਕਿਆ ਤਾਂ ਕੰਪਨੀ ਨੇ ਮਲਮਲ ਬਣਾਉਣ ਵਾਲੇ ਕਾਰੀਗਰਾਂ ਦੇ ਅੰਗੂਠੇ ਵੱਢ ਦਿੱਤੇ ਸੀ। ਇਸੇ ਤਰਾਂ ਕੰਪਨੀ ਦੇ ਗੁੰਡੇ ਸਮੁੰਦਰੀ ਜਹਾਜ਼ਾਂ ਨੂੰ ਵੀ ਲੁੱਟਦੇ ਸੀ ਅਤੇ ਇਸ ਸਾਰੀ ਲੁੱਟ ਖੋਹ ਨੂੰ ਇੰਗਲੈਂਡ ਦੇ ਰਾਜੇ ਅਤੇ ਸਰਕਾਰ ਦੀ ਸ਼ਹਿ ਮਿਲਦੀ ਸੀ। ਨਾ ਸਿਰਫ਼ ਸ਼ਹਿ ਹੀ ਬਲਕਿ ਕੰਪਨੀ ਦੀ ਲੁੱਟ ਖੋਹ ਕਰਨ ਦੀ ਇਮਦਾਦ ਵਿਚ ਇੰਗਲੈਂਡ ਦੀ ਸਰਕਾਰ ਆਪਣੇ ਸਮੁੰਦਰੀ ਬੇੜੇ ਵੀ ਭੇਜਦੀ ਸੀ।

ਇਸੇ ਤਰ੍ਹਾਂ ਰੂਸ  ਵਿਚ ਜ਼ਾਰਸ਼ਾਹੀ ਨੇ ਵੀ ਲੋਕਾਂ ਦੀ ਜੱਦੋ-ਜਹਿਦ ਨੂੰ ਕੁਚਲਣ ਲਈ ਤੇ ਕੁਰਾਹੇ ਪਾਉਣ ਲਈ ਦਹਿਸ਼ਤਗਰਦੀ ਦਾ ਸਹਾਰਾ ਲਿਆ ਸੀ। ਜ਼ਾਰਸ਼ਾਹੀ ਅਤੇ ਹੋਰ ਹਾਕਮ ਲਾਣੇ ਵਲੋਂ ਜਥੇਬੰਦ ਕੀਤੇ ਗਏ  ਗਰੋਹਾਂ ਨੇ ਰੂਸ ਵਿਚ ਇਨਕਲਾਬ ਤੋਂ ਪਹਿਲਾਂ ਵੀ ਅਤੇ ਬਾਅਦ ਵਿਚ ਵੀ ਬਹੁਤ ਕਤਲੋਗਾਰਤ ਮਚਾਈ ਸੀ। ਅਮਰੀਕਨ ਸਾਮਰਾਜ ਅਤੇ ਹੋਰ ਚੌਦਾਂ ਸਾਮਰਾਜੀ ਮੁਲਕਾਂ ਨੇ ਰੂਸ ਦੇ ਇਨਕਲਾਬ ਨੂੰ ਖ਼ਤਮ ਕਰਨ ਲਈ ਸਿੱਧੇ ਹਮਲੇ ਦੇ ਨਾਲ ਨਾਲ ਕਾਤਲਾਂ ਦੇ ਗਰੋਹਾਂ ਨੂੰ ਵੀ ਲਾਮਬੰਦ ਕੀਤਾ। ਮੈਕਸੀਕੋ, ਕਿਊਬਾ, ਹੰਡੂਰਾਸ, ਐਲ-ਸੈਲਵਾਡੋਰ, ਚਿੱਲੀ, ਬਰਾਜ਼ੀਲ, ਏਕਿਉਡੋਰ, ਇੰਡੋਨੇਸ਼ੀਆ, ਇਰਾਨ, ਵਿਅਤਨਾਮ ਵਗੈਰਾ ਵਿਚ ਵੀ ਅਮਰੀਕਨ ਸਾਮਰਾਜ ਅਤੇ ਹਾਕਮ ਮੇਲ ਨੇ ਲੋਕਾਂ ਨੂੰ ਕੁਚਲਣ ਲਈ ਅਤੇ ਉਨ੍ਹਾਂ ਨੂੰ ਕੁਰਾਹੇ ਪਾਉਣ ਲਈ ਇਨ੍ਹਾਂ ਤਿੰਨਾਂ ਹੀ ਤਰ੍ਹਾਂ ਦੀ ਦਹਿਸ਼ਤਗਰਦੀ ਦਾ ਸਹਾਰਾ ਲਿਆ ਸੀ। ਇਸਰਾਈਲ ਵੀ ਫ਼ਲਸਤੀਨ ਦੇ ਲੋਕਾਂ ਨੂੰ ਕੁਚਲਣ ਲਈ ਚਿਰਾਂ ਤੋਂ ਇਹੋ ਹੱਥ-ਕੰਡੇ ਵਰਤ ਰਿਹਾ ਹੈ। ਇਰਾਕ ਵਿਚ ਵੀ ਅਮਰੀਕਾ ਦੀ ਛਤਰ-ਛਾਇਆ ਹੇਠ ਹੀ ਏਨੇ ਸਾਲ ਕਤਲੋਗਾਰਤ ਹੋਈ ਤੇ ਹੋ ਰਹੀ ਹੈ।

ਹਾਕਮ ਮੇਲ ਲੋਕਾਂ ਦੀ ਜਦੋਜਹਿਦ ਦੇ ਖ਼ਿਲਾਫ਼ ਇਕ ਪਾਸੇ ਦਹਿਸ਼ਤਗਰਦੀ ਅਤੇ ਦੂਜੇ ਪਾਸੇ ਲਿਬਰਲ ਡੈਮੋਕ੍ਰੇਸੀ ਨੂੰ ਵੀ ਵਰਤਦਾ ਹੈ। ਇਰਾਕ ਵਿਚ ਅਮਰੀਕਾ ਅਤੇ ਉਸਦੇ ਜੋਟੀਦਾਰਾਂ ਨੇ ਕਤਲੋਗਾਰਤ ਅਤੇ ਆਪਣੀ ਫੌਜਾਂ ਦੇ ਜ਼ੋਰ ਨਾਲ ਲੋਕਾਂ ਉਤੇ ਆਪਣੀ ਲਿਬਰਲ ਡੈਮੋਕ੍ਰੇਸੀ ਠੋਸੀ ਹੋਈ ਹੈ। ਇਸ ਢਾਂਚੇ ਨੂੰ ਠੋਸਣ ਲਈ ਫੌਜਾਂ ਦੀਆਂ ਸੰਗੀਨਾਂ ਹੇਠ ਇਰਾਕ ਅਤੇ ਅਫਗਾਨਿਸਤਾਨ ਵਿਚ ਚੋਣਾਂ ਕਰਵਾਈਆਂ ਗਈਆਂ ਜਿਸ ਵਿਚ ਅਮਰੀਕਾ ਦੇ ਜੋਟੀਦਾਰ ਜੇਤੂ ਕਰਾਰ ਦਿੱਤੇ ਗਏ ਅਤੇ ਲੋਕਾਂ ਤੇ ਸੰਵਿਧਾਨ ਠੋਸਿਆ ਗਿਆ। ਸਾਮਰਾਜ ਅਤੇ ਹਾਕਮ ਮੇਲ ਦੇ ਮੀਡੀਆ ਨੇ ਬਹੁਤ ਰੌਲਾ ਪਾਇਆ ਕਿ ਇਨ੍ਹਾਂ ਮੁਲਕਾਂ ਵਿਚ ਜਮਹੂਰੀਅਤ ਦੀ ਜਿੱਤ ਹੋ ਗਈ ਹੈ, ਕਿਉਂਕਿ ਨਤੀਜੇ ਸਾਮਰਾਜ ਅਤੇ ਹਾਕਮ ਮੇਲ ਦੇ ਹੱਕ ਵਿਚ ਸੀ ਅਤੇ ਜਿਹੜੇ ਕਿ ਹੋਣੇ ਹੀ ਸੀ। ਲਿਬਰਲ ਜਮਹੂਰੀਅਤ ਦੇ ਇਸ ਢਾਂਚੇ ਦੀ ਰਾਖੀ ਲਈ ਫੌਜੀ ਤਾਕਤ ਤੇ ਦਹਿਸ਼ਤਗਰਦੀ ਦਾ ਆਸਰਾ ਲਿਆ ਜਾ ਰਿਹਾ ਹੈ।

ਇਸ ਤਰਾਂ ਹਾਕਮ ਮੇਲ ਦਾ ਲੋਕਾਂ ਤੇ ਦਬਾਅ ਹੈ ਕਿ ਜਾਂ ਤਾਂ ਲਿਬਰਲ ਡੈਮੋਕ੍ਰੇਸੀ ਦਾ ਰਾਹ ਸਵੀਕਾਰ ਕਰੋ ਜਾਂ ਦਹਿਸ਼ਤਗਰਦੀ ਭੁਗਤੋ। ਹੱਕਾਂ ਲਈ ਲੜ ਰਹੇ ਲੋਕਾਂ ਤੇ ਇਹ ਦਬਾਅ ਪਾਇਆ ਜਾਂਦਾ ਹੈ ਕਿ ਇਨ੍ਹਾਂ ਦੋਹਾਂ ਰਾਹਾਂ ਦੇ ਇਲਾਵਾ ਹੋਰ ਕੋਈ ਰਾਹ ਨਹੀਂ। ਇਹ ਦੋਵੇਂ ਤਰੀਕੇ ਹਾਕਮ ਮੇਲ ਅਤੇ ਸਾਮਰਾਜ ਦੇ ਬਹੁਤ ਫਿੱਟ ਬੈਠਦੇ ਹਨ। ਲਿਬਰਲ ਡੈਮੋਕ੍ਰੇਸੀ ਸਾਮਰਾਜ ਅਤੇ ਹਾਕਮ ਮੇਲ ਦੇ ਇਸ ਲਈ ਫਿਟ ਬੈਠਦੇ ਹਨ ਕਿਉਂਕਿ ਇਸ ਨਾਲ ਲੋਕਾਂ ਤੋਂ ਉਨ੍ਹਾਂ ਦੀ ਤਾਕਤ ਬਹੁਤ ਹੀ ਸਫ਼ਾਈ ਨਾਲ ਖੋਹ ਲਈ ਜਾਂਦੀ ਹੈ। ਲੋਕਾਂ ਵਿਚ ਇਹ ਭੁਲੇਖਾ ਖੜਾ ਕੀਤਾ ਜਾਂਦਾ ਹੈ ਕਿ ਸਰਕਾਰ ਅਤੇ ਰਾਜਤੰਤ੍ਰ ਉਨ੍ਹਾਂ ਦਾ ਹੀ ਹੈ ਅਤੇ ਉਨ੍ਹਾਂ ਨੇ ਹੀ ਚੁਣਿਆ ਹੈ ਇਸ ਲਈ ਉਹ ਜੋ ਵੀ ਕਰ ਰਹੇ ਹਨ ਲੋਕਾਂ ਦੇ ਭਲੇ ਲਈ ਹੈ ਤੇ ਉਸਨੂੰ ਮੰਨਣਾ ਹੀ ਪਵੇਗਾ। ਮਿਸਾਲ ਦੇ ਤੌਰ ਤੇ ਹਿੰਦੁਸਤਾਨ ਦੀ ਗੱਲ ਕਰੀਏ ਤਾਂ ਮਨਮੋਹਨ ਸਿੰਘ ਹਰ ਰੋਜ਼ ਦਾਅਵੇ ਕਰਦਾ ਹੈ ਕਿ ਉਸਦੀ ਸਰਕਾਰ ਨੂੰ ਲੋਕਾਂ ਨੇ ਵੋਟਾਂ ਦਿਤੀਆਂ ਹਨ ਇਸ ਲਈ ਉਹਨੂੰ ਹੱਕ ਹੈ ਕਿ ਜੋ ਜੀ ਚਾਹੇ ਕਰ ਸਕਦੀ ਹੈ। ਲੋਕ ਲੱਕ ਤੋੜਵੀਂ ਮਹਿੰਗਾਈ ਤੋਂ ਦੁਖੀ ਹਨ ਸਰਕਾਰ ਕਹਿੰਦੀ ਹੈ ਕਿ ਇਹ ਕੌੜਾ ਘੁੱਟ ਤਾਂ ਪੀਣਾ ਹੀ ਪੈਣਾ ਹੈ। ਲੋਕ ਗ਼ਰੀਬੀ ਤੋਂ ਖਹਿੜਾ ਛੁਡਾਉਣ ਦੇ ਰਾਹ ਲਭਦੇ ਹਨ ਪਰ ਸਰਕਾਰ ਕਹਿੰਦੀ ਹੈ ਅਸੀਂ ਵਿਕਾਸ ਕਰੀ ਜਾਂਦੇ ਹਾਂ ਤੁਹਾਡੀ ਵਾਰੀ ਵੀ ਦੂਰ ਨਹੀਂ। ਪਰ ਲੋਕ ਵਿਚਾਰੇ ਪਿਛਲੇ ਛੇ ਦਹਾਕਿਆਂ ਤੋਂ ਵਿਕਾਸ ਦੇ ਇਸ ਉਠ ਦਾ ਬੁਲ੍ਹ ਡਿਗਣ ਦੀ ਉਡੀਕ ਕਰ ਰਹੇ ਹਨ।

ਜਦੋਂ ਲੋਕ ਆਪਣੇ ਜੰਗਲਾਂ, ਜਮੀਨਾਂ ਅਤੇ ਪਾਣੀਆਂ ਦੀ ਰਾਖੀ ਲਈ ਜਥੇਬੰਦ ਹੋ ਕੇ ਦਰਿੜ ਘੋਲ ਚਲਾਉਂਦੇ ਹਨ ਤਾਂ ਮਨਮੋਹਨ ਸਿੰਘ ਅਤੇ ਉਹਦੇ ਵਜ਼ੀਰ, ਮੀਡੀਆ ਅਤੇ ਹਾਕਮ ਲਾਣਾ ਪਿੱਟਦਾ ਹੈ ਤੇ ਕਹਿੰਦਾ ਹੈ ਕਿ ਲੋਕਾਂ ਨੂੰ ਡੈਮੋਕ੍ਰੇਸੀ ਦੀ

ਹੱਦ ਵਿਚ ਰਹਿ ਕੇ ਹੀ ਰੋਸ ਪ੍ਰਗਟ ਕਰਨਾ ਚਾਹੀਦਾ ਹੈ ਅਤੇ ਲੋਕਾਂ ਵਲੋਂ ਅਹਿੰਸਾ ਦਾ ਲੜ ਛੱਡਣਾ ਕਬੂਲ ਨਹੀਂ ਕੀਤਾ ਜਾ ਸਕਦਾ। ਪਰ ਰਾਜ ਤੰਤ੍ਰ ਵਲੋਂ ਜਥੇਬੰਦ ਕੀਤੇ ਹੋਏ ਗੁੰਡਿਆਂ ਅਤੇ ਸਕਿਉਰਟੀ ਫ਼ੋਰਸਿਜ਼ ਵਲੋਂ ਲੋਕਾਂ ਉਤੇ ਹਰ ਰੋਜ਼ ਜੋ ਅੰਨ੍ਹਾਂ ਤਸ਼ੱਦਦ ਕੀਤਾ ਜਾਂਦਾ ਹੈ ਅਤੇ ਉਹਨੂੰ ਇਹ ਸਾਰੇ ਬੜੀ ਬੇਸ਼ਰਮੀ ਨਾਲ ਅਮਨ ਕਾਨੂੰਨ ਕਾਇਮ ਰੱਖਣ ਦਾ ਅਮਲ ਦੱਸਦੇ ਹਨ।

ਹੱਕਾਂ ਲਈ ਲੜ ਰਹੇ ਲੋਕਾਂ ਨੂੰ ਹਾਕਮ ਮੇਲ ਅਤੇ ਸਾਮਰਾਜ ਦੇ ਇਸ ਦਬਾਅ ਨੂੰ ਸਮਝ ਕੇ ਆਪਣੇ ਘੋਲਾਂ ਨੂੰ ਆਪਣੀ ਸੋਧ ਸਿਆਣਪ ਨਾਲ ਚਲਾਉਣ ਦੀ ਲੋੜ ਹੈ। ਦਹਿਸ਼ਤਗਰਦੀ ਅਤੇ ਲਿਬਰਲ ਡੈਮੋਕ੍ਰੇਸੀ, ਦੋਵੇਂ, ਦੁਨੀਆਂ ਭਰ ਦੇ ਹਾਕਮ ਮੇਲ ਅਤੇ ਸਾਮਰਾਜ ਦੇ ਹਥਿਆਰ ਹਨ ਤੇ ਲੋਕਾਂ ਦੇ ਹੱਕਾਂ ਦੀ ਜੱਦੋ-ਜਹਿਦ ਨੂੰ ਕੁਚਲਣ ਲਈ ਅਤੇ ਕੁਰਾਹੇ ਪਾਉਣ ਲਈ ਵਰਤੇ ਜਾ ਰਹੇ ਹਨ ਅਤੇ ਲੋਕਾਂ ਦੇ ਹਿਤਾਂ ਦੇ ਖ਼ਿਲਾਫ਼ ਜਾਂਦੇ ਹਨ।

ਕੋਈ ਵੀ ਲੋਕ ਪੱਖੀ ਤਾਕਤ ਨਾ ਹੀ ਦਹਿਸ਼ਤਗਰਦੀ ਨਾਲ ਅਤੇ ਨਾ ਲਿਬਰਲ ਡੈਮੋਕ੍ਰੇਸੀ ਰਾਹੀਂ ਲੋਕਾਂ ਦੇ ਬੁਨਿਆਦੀ ਮਸਲੇ ਹੱਲ ਕਰਨ ਵਿਚ ਉਨ੍ਹਾਂ ਦੀ ਮਦਦ ਕਰ ਸਕਦੀ ਹੈ। ਤਾਰੀਖ਼ ਨੇ ਇਨ੍ਹਾਂ ਦੋਹਾਂ ਨੂੰ ਰੱਦ ਕਰ ਦਿਤਾ ਹੈ। ਆਪਣੇ ਮਸਲੇ ਹੱਲ ਕਰਨ ਲਈ ਲੋਕਾਂ ਨੂੰ ਸਾਮਰਾਜ ਅਤੇ ਹਾਕਮ ਮੇਲ ਦੇ ਇਨ੍ਹਾਂ ਦੋਨਾਂ ਹਥਿਆਰਾਂ ਤੋਂ ਬਚਾਅ ਕਰਨ ਦੀ ਲੋੜ ਹੈ ਅਤੇ ਬੜੀ ਚੌਕਸੀ ਨਾਲ ਆਪਣੀ ਜੱਦੋ-ਜਹਿਦ ਚਲਾਉਣ ਦੀ ਲੋੜ ਹੈ।